**ਪੰਜਾਬ ਬਿਲਡਿੰਗ ਐਂਡ ਅਦਰ ਕੰਸਟ੍ਰਕਸ਼ਨ ਵਰਕਰਜ਼ ਵੈਲਫੇਅਰ ਬੋਰਡ**
17 ਬੇਜ਼ ਬਿਲਡਿੰਗ, ਸੈਕਟਰ 17-ਡੀ, ਚੰਡੀਗੜ੍ਹ।
(0172-2540125)

ਸੇਵਾ ਵਿਖੇ

ਰਾਜ ਦੇ ਸਾਰੇ
1. ਸਹਾਇਕ ਕਿਰਤ ਕਮਿਸ਼ਨਰ/ ਕਿਰਤ ਤੇ ਸੁਲਾਹ ਅਫਸਰ
2. ਕਿਰਤ ਇੰਸਪੈਕਟਰ ਗ੍ਰੇਡ-1 ਅਤੇ 2

ਨੰ:ਬਕਵਵਬ/2015-16/
ਮਿਤੀ

ਵਿਸ਼ਾ:- **ਪੰਜੀਕ੍ਰਿਤ ਉਸਾਰੀ ਕਿਰਤੀਆਂ ਨੂੰ ਟੂਲਜ਼ (ਔਜਾਰ) ਖਰੀਦਣ ਲਈ ਵਿਤੀ ਸਹਾਇਤਾ ਦੇਣ ਅਤੇ ਉਨ੍ਹਾਂ ਦੇ ਮਾਨਸਿਕ ਰੋਗਾਂ ਜਾਂ ਅਪੰਗਤਾ ਨਾਲ ਗ੍ਰਸਤ ਬੱਚਿਆਂ ਦੀ ਸਾਂਭ ਸੰਭਾਲ ਵਾਸਤੇ ਵਿਤੀ ਸਹਾਇਤਾ ਦੇਣ ਲਈ ਨਵੀਆਂ ਭਲਾਈ ਸਕੀਮਾਂ ਦੀ ਪ੍ਰਵਾਨਗੀ ਬਾਰੇ।**

ਆਪਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਬੋਰਡ ਦੀ ਮਿਤੀ 24.6.2015 ਨੂੰ ਹੋਈ 17ਵੀਂ ਮੀਟਿੰਗ ਵਿੱਚ ਬੋਰਡ ਵਲੋਂ ਹੇਠ ਲਿਖੇ ਅਨੁਸਾਰ ਦੋ ਨਵੀਆਂ ਭਲਾਈ ਸਕੀਮਾਂ ਪ੍ਰਵਾਨ ਕੀਤੀਆਂ ਗਈਆਂ ਹਨ:-

ੳ) **ਪੰਜੀਕ੍ਰਿਤ ਉਸਾਰੀ ਕਿਰਤੀਆਂ ਨੂੰ ਟੂਲਜ਼ (ਔਜ਼ਾਰ) ਖ੍ਰੀਦਣ ਲਈ 3000/- ਰੁਪਏ ਤੱਕ ਦੀ ਵਿੱਤੀ ਸਹਾਇਤਾ ਦੇਣ ਵਾਸਤੇ ਹੇਠ ਲਿਖੀਆਂ ਸ਼ਰਤਾਂ ਦੇ ਅਧਾਰ ਤੇ ਭਲਾਈ ਸਕੀਮ।**

<u>ਸ਼ਰਤਾਂ</u>
(1) ਉਸਾਰੀ ਕਿਰਤੀ ਬੋਰਡ ਦੇ 'ਲਾਭਪਾਤਰੀ' ਵਜੋਂ ਰਜਿਸਟਰ ਹੋਇਆ ਹੋਵੇ।
(2) ਲਾਭਪਾਤਰੀ ਉਸਾਰੀ ਕਿਰਤੀ ਅਪਣੀ ਅੰਸ਼ਦਾਨ ਦੀ ਰਕਮ ਲਗਾਤਾਰ ਜਮਾਂ ਕਰਵਾ ਰਿਹਾ ਹੋਵੇ।
(3) ਲਾਭਪਾਤਰੀ ਨੂੰ ਇਸ ਸਕੀਮ ਅਧੀਨ ਟੂਲਜ ਦੀ ਖਰੀਦ ਲਈ ਵਿਤੀ ਸਹਾਇਤਾ, ਉਸ ਵਲੋਂ ਟੂਲਜ਼ ਖਰੀਦਣ ਉਪਰੰਤ ਦਿਤੀ ਜਾਵੇਗੀ।
(4) ਇਸ ਸਕੀਮ ਅਧੀਨ ਅਰਜੀ ਤੇ ਹੋਰ ਭਲਾਈ ਸਕੀਮਾਂ ਵਾਂਗ ਸਬ-ਡਵੀਜਨ ਪੱਧਰ ਤੇ ਬਣੀ ਕਮੇਟੀ ਦੀ ਪੜਚੋਲ ਉਪਰੰਤ ਡਿਪਟੀ ਕਮਿਸ਼ਨਰ ਦੀ ਪ੍ਰਵਾਨਗੀ ਨਾਲ ਸਬੰਧਤ ਅਧਿਕਾਰੀ ਵਲੋਂ ਪੈਸਿਆਂ ਦੀ ਮੰਗ ਕਰਨ ਤੇ ਬੋਰਡ ਵਲੋਂ ਅਦਾਇਗੀ ਲਈ ਰਕਮ ਲਾਭਪਾਤਰੀ ਦੇ ਖਾਤੇ ਵਿੱਚ ਪਾਈ ਜਾਵੇਗੀ।
(5) ਇਸ ਸਕੀਮ ਅਧੀਨ ਵਿਤੀ ਸਹਾਇਤਾ ਦਾ ਲਾਭ ਸਿਰਫ ਉਨ੍ਹਾਂ ਲਾਭਪਾਤਰੀਆਂ ਨੂੰ ਹੀ ਦਿਤਾ ਜਾਵੇਗਾ ਜੋ ਬੋਰਡ ਦੀ **ਸਕਿਲ ਡਿਵੈਲਪਮੈਂਟ ਸਕੀਮ** ਅਧੀਨ **ਸਕਿਲ ਅਪਗ੍ਰੇਡੇਸ਼ਨ** ਜਾਂ **RPL ਸਕੀਮ** ਅਧੀਨ ਟ੍ਰੇਨਿੰਗ ਪ੍ਰਾਪਤ ਕਰ ਚੁਕੇ ਹੋਣਗੇ ਜਿਸਦਾ ਸਬੂਤ ਅਰਜੀ ਨਾਲ ਲਾਉਣਾ ਜਰੂਰੀ ਹੋਵੇਗਾ। ਜਿਸ ਕਿੱਤੇ ਦੀ ਟ੍ਰੇਨਿੰਗ ਕੀਤੀ ਹੋਵੇ, ਉਸੀ ਕਿੱਤੇ ਨਾਲ ਸਬੰਧਤ ਔਜਾਰ ਖਰੀਦਣ ਲਈ ਔਜਾਰਾਂ ਦੀ ਅਸਲ ਕੀਮਤ ਜਾਂ ਵੱਧ ਤੋਂ ਵੱਧ 3000/- ਰੁ. ਦੀ ਰਾਸ਼ੀ ਦਿਤੀ ਜਾਵੇਗੀ। ਲਾਭਪਾਤਰੀ ਨੂੰ ਔਜਾਰ ਦੇ ਬਿਲਾਂ ਦੀ ਅਸਲ ਰਸੀਦ ਨਾਲ ਲਗਾਉਣੀ ਜਰੂਰੀ ਹੋਵੇਗੀ।
(6) ਇਸ ਸਕੀਮ ਅਧੀਨ ਕਿਰਤੀ ਨੂੰ ਮੈਂਬਰਸ਼ਿਪ ਦੌਰਾਨ ਸਿਰਫ ਇਕ ਵਾਰ ਹੀ ਵਿਤੀ ਸਹਾਇਤਾ ਦਿਤੀ ਜਾਵੇਗੀ।

ਅ) **ਪੰਜੀਕ੍ਰਿਤ ਉਸਾਰੀ ਕਿਰਤੀਆਂ ਦੇ ਮਾਨਸਿਕ ਰੋਗਾਂ ਜਾਂ ਅਪੰਗਤਾ ਨਾਲ ਗ੍ਰਸਤ ਬੱਚਿਆਂ ਦੀ ਸਾਂਭ ਸੰਭਾਲ ਵਾਸਤੇ ਉਨ੍ਹਾਂ ਨੂੰ 20,000/- ਰੁਪਏ ਸਾਲਾਨਾ ਵਿਤੀ ਸਹਾਇਤਾ ਹੇਠ ਲਿਖੀਆਂ ਸ਼ਰਤਾਂ ਦੇ ਅਧਾਰ ਤੇ ਭਲਾਈ ਸਕੀਮ।**

<u>ਸ਼ਰਤਾਂ</u>
(1) ਲਾਭਪਾਤਰੀ ਬੋਰਡ ਪਾਸ ਲਗਾਤਾਰ ਅਪਣੀ ਅੰਸ਼ਦਾਨ ਦੀ ਰਾਸ਼ੀ ਜਮਾਂ ਕਰਵਾ ਰਿਹਾ ਹੋਵੇ।

(2) ਲਾਭਪਾਤਰੀ ਦੇ ਬੱਚੇ ਦੇ ਮਾਨਸਿਕ ਰੋਗੀ ਜਾਂ ਅਪੰਗ ਹੋਣ ਸਬੰਧੀ ਸਰਕਾਰੀ ਹਸਪਤਾਲ ਜਾਂ ਈ.ਐਸ.ਆਈ ਹਸਪਤਾਲ ਦੇ ਸੀਨੀਅਰ ਮੈਡੀਕਲ ਅਫਸਰ ਵਲੋਂ ਲਿਖਤੀ ਰੂਪ ਵਿੱਚ ਸਰਟੀਫਿਕੇਟ ਦਿਤਾ ਗਿਆ ਹੋਵੇ।

ਆਪਨੂੰ ਲਿਖਿਆ ਜਾਂਦਾ ਹੈ ਕਿ ਆਪਣੇ-ਆਪਣੇ ਸਰਕਲ ਵਿੱਚ ਉਪਰੋਕਤ ਦੋਵੇਂ ਸਕੀਮਾਂ ਦਾ ਪ੍ਰਚਾਰ ਕਰਕੇ ਵੱਧ ਤੋਂ ਵੱਧ ਯੋਗ ਲਾਭਪਾਤਰੀਆਂ ਨੂੰ ਇਨ੍ਹਾਂ ਸਕੀਮਾਂ ਅਧੀਨ ਲਾਭ ਦੁਆਏ ਜਾਣ।

ਡਿਪਟੀ ਸਕੱਤਰ

ਪਿਠ ਅੰਕਣ ਨੰ:                    ਮਿਤੀ

ਇਸ ਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਜਾਣਕਾਰੀ ਲਈ ਭੇਜਿਆ ਜਾਂਦਾ ਹੈ :-

1. ਪੀ ਏ ਟੂ ਕਿਰਤ ਕਮਿਸ਼ਨਰ ਪੰਜਾਬ-ਕਮ-ਸਕੱਤਰ, ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਨੂੰ ਮਾਨਯੋਗ ਸਕੱਤਰ ਜੀ ਦੀ ਜਾਣਕਾਰੀ ਲਈ।

2. ਪੀ ਏ ਟੂ ਵਧੀਕ ਕਿਰਤ ਕਮਿਸ਼ਨਰ ਪੰਜਾਬ-ਕਮ-ਸਲਾਹਕਾਰ, ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ, ਚੰਡੀਗੜ੍ਹ ਨੂੰ ਸਲਾਹਕਾਰ ਜੀ ਦੀ ਜਾਣਕਾਰੀ ਲਈ।

ਡਿਪਟੀ ਸਕੱਤਰ

ਪਿਠ ਅੰਕਣ ਨੰ: 3717                    ਮਿਤੀ 22.7.15

ਇਸ ਦਾ ਇਕ ਉਤਾਰਾ ਬੋਰਡ ਦੇ ਕੰਪਿਊਟਰ ਪ੍ਰੋਗਰਾਮਰ ਨੂੰ ਇਹ ਸਕੀਮਾਂ ਬੋਰਡ ਦੀ ਵੈਬ ਸਾਈਟ ਤੇ ਅਪਲੋਡ ਕਰਨ ਲਈ ਭੇਜਿਆ ਜਾਂਦਾ ਹੈ।

ਡਿਪਟੀ ਸਕੱਤਰ